ਅਮਰੀਕਾ ਦੀ ਆਜ਼ਾਦੀ ਦੇ 250 ਸਾਲ ਪੂਰੇ ਹੋਣ 'ਤੇ ਜਸ਼ਨ ਮਨਾ ਰਹੇ ਅਮਰੀਕੀ ਨਾਗਰਿਕ, 50 ਸੂਬਿਆਂ 'ਚ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ

ਵਾਸ਼ਿੰਗਟਨ, 4 ਜੁਲਾਈ (ਇੰਟ.)- ਅਮਰੀਕਾ ਨੇ ਸ਼ਨੀਵਾਰ ਨੂੰ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਇਤਿਹਾਸਕ ਉਤਸ਼ਾਹ ਨਾਲ ਮਨਾਈ। ਸਾਲ 1776 'ਚ ਆਜ਼ਾਦੀ ਦੇ ਐਲਾਨ 'ਤੇ ਦਸਤਖ਼ਤ ਦੇ ਢਾਈ ਸੌ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿਚ ਅਮਰੀਕਾ ਭਰ ਵਿਚ ਵਿਸ਼ੇਸ਼ ਸਮਾਰੋਹ ਨੂੰ ਅਧਿਕਾਰਤ ਤੌਰ 'ਤੇ 'ਸੈਮੀਕੁਇਨਸੈਂਟੇਨੀਅਲ' ਨਾਂ ਦਿੱਤਾ ਗਿਆ ਹੈ। ਇਹ ਮੌਕਾ ਅਮਰੀਕੀ ਇਤਿਹਾਸ ਵਿਚ ਬੇਹੱਦ ਦੁਰਲੱਭ ਮੰਨਿਆ ਜਾਂਦਾ ਹੈ, ਕਿਉਂਕਿ ਅਜਿਹਾ ਆਯੋਜਨ ਹਰ 250 ਸਾਲਾਂ 'ਚ ਸਿਰਫ਼ ਇਕ ਵਾਰ ਆਉਂਦਾ ਹੈ। ਇਸ ਮੌਕੇ ਦੇਸ਼ ਦੇ ਸਾਰੇ 50 ਸੂਬਿਆਂ ਵਿਚ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਕੀ ਹੈ 'ਸੈਮੀਕੁਇਨਸੈਂਟੇਨੀਅਲ' ਦਾ ਅਰਥ?

'ਸੈਮੀਕੁਇਨਸੈਂਟੇਨੀਅਲ' ਦਾ ਅਰਥ ਕਿਸੇ ਇਤਿਹਾਸਕ ਘਟਨਾ ਦੇ 250 ਸਾਲ ਪੂਰੇ ਹੋਣਾ ਹੈ। ਅਮਰੀਕਾ ਵਿਚ ਇਹ ਸ਼ਬਦ 4 ਜੁਲਾਈ 1776 ਨੂੰ ਫਿਲਾਡੈਲਫੀਆ ਵਿਚ 56 ਨੁਮਾਇੰਦਿਆਂ ਵੱਲੋਂ ਆਜ਼ਾਦੀ ਦੇ ਐਲਾਨਨਾਮੇ (ਡਿਕਲਾਰੇਸ਼ਨ ਆਫ ਇੰਡੀਪੈਂਡੈਂਸ) 'ਤੇ ਦਸਤਖ਼ਤ ਕੀਤੇ ਜਾਣ ਦੀ 250ਵੀਂ ਵਰ੍ਹੇਗੰਢ ਦੇ ਲਈ ਵਰਤਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 1926 ਵਿਚ 150ਵੀਂ ਵਰ੍ਹੇਗੰਢ (ਸੈਸਕੁਇਸੈਂਟੇਨੀਅਲ) ਅਤੇ 1976 ਵਿਚ 200ਵੀਂ ਵਰ੍ਹੇਗੰਢ (ਬਾਈਸੈਂਟੇਨੀਅਲ) ਮਨਾਈ ਗਈ ਸੀ।

ਕਿਵੇਂ ਮਿਲੀ ਸੀ ਬ੍ਰਿਟੇਨ ਤੋਂ ਆਜ਼ਾਦੀ?

ਅਮਰੀਕਾ ਦੀ ਆਜ਼ਾਦੀ ਦੀ ਲੜਾਈ ਦੀ ਸ਼ੁਰੂਆਤ ਫ੍ਰੈਂਚ ਅਤੇ ਇੰਡੀਅਨ ਜੰਗ ਤੋਂ ਬਾਅਦ ਹੋਈ, ਜਦੋਂ ਬ੍ਰਿਟੇਨ ਨੇ ਜੰਗ ਦਾ ਖ਼ਰਚਾ ਕੱਢਣ ਲਈ ਕਾਲੋਨੀਆਂ 'ਤੇ ਨਵੇਂ ਟੈਕਸ ਲਾਏ। 'ਅਗਵਾਈ ਤੋਂ ਬਿਨਾਂ ਕੋਈ ਟੈਕਸ ਨਹੀਂ' ਦੇ ਨਾਅਰੇ ਨਾਲ ਕਾਲੋਨੀਆਂ 'ਚ ਵਿਰੋਧ ਤੇਜ਼ ਹੋ ਗਿਆ। 1773 ਦੀ ਬੋਸਟਨ ਟੀ ਪਾਰਟੀ ਅਤੇ ਉਸ ਤੋਂ ਬਾਅਦ ਵਧਦੇ ਟਕਰਾਅ ਨੇ ਸੰਘਰਸ਼ ਨੂੰ ਜੰਗ ਦਾ ਰੂਪ ਦੇ ਦਿੱਤਾ।

ਅਪ੍ਰੈਲ 1775 ਵਿਚ ਲੈਕਸਿੰਗਟਨ ਅਤੇ ਕਾਨਕਾਰਡ ਦੀਆਂ ਲੜਾਈਆਂ ਤੋਂ ਬਾਅਦ ਆਜ਼ਾਦੀ ਅੰਦੋਲਨ ਤੇਜ਼ ਹੋਇਆ ਅਤੇ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਜਾਰੀ ਕੀਤਾ ਗਿਆ।

ਰਿਕਾਰਡ ਆਤਿਸ਼ਬਾਜ਼ੀ ਅਤੇ ਸੱਭਿਆਚਾਰਕ ਪ੍ਰੋਗਰਾਮ

ਆਜ਼ਾਦੀ ਦਿਹਾੜੇ 'ਤੇ ਅਮਰੀਕਾ ਵਿਚ ਹਰ ਸਾਲ ਹਜ਼ਾਰਾਂ ਆਤਿਸ਼ਬਾਜ਼ੀ ਪ੍ਰੋਗਰਾਮ ਆਯੋਜਿਤ ਹੁੰਦੇ ਹਨ ਪਰ ਇਸ ਵਾਰ ਦਾ ਆਯੋਜਨ ਹੁਣ ਤੱਕ ਦਾ ਸਭ ਤੋਂ ਸ਼ਾਨਦਾਰ ਦੱਸਿਆ ਜਾ ਰਿਹਾ ਹੈ। ਵੱਖ-ਵੱਖ ਸ਼ਹਿਰਾਂ ਵਿਚ ਵਿਸ਼ਾਲ ਆਤਿਸ਼ਬਾਜ਼ੀ, ਸੰਗੀਤ ਪ੍ਰੋਗਰਾਮ ਅਤੇ ਦੇਸ਼ ਭਗਤੀ ਨਾਲ ਜੁੜੇ ਸੱਭਿਆਚਾਰਕ ਆਯੋਜਨ ਹੋ ਰਹੇ ਹਨ। ਇਸ ਤੋਂ ਇਲਾਵਾ ਅਮਰੀਕਾ ਨੂੰ 2026 ਫੀਫਾ ਵਿਸ਼ਵ ਕੱਪ ਵਰਗੇ ਅੰਤਰਰਾਸ਼ਟਰੀ ਆਯੋਜਨਾਂ ਨਾਲ ਵੀ ਜੋੜਿਆ ਗਿਆ ਹੈ, ਜਿਸ ਕਾਰਨ ਵਿਸ਼ਵ ਪੱਧਰ 'ਤੇ ਵੀ ਇਸ ਦੀ ਚਰਚਾ ਹੈ।

13 ਕਾਲੋਨੀਆਂ ਤੋਂ ਵਿਸ਼ਵ ਮਹਾਸ਼ਕਤੀ ਤੱਕ

ਆਜ਼ਾਦੀ ਦੇ ਐਲਾਨ ਸਮੇਂ ਅਮਰੀਕਾ ਵਿਚ ਸਿਰਫ਼ 13 ਬ੍ਰਿਟਿਸ਼ ਕਾਲੋਨੀਆਂ ਅਤੇ ਲਗਭਗ 40 ਲੱਖ ਦੀ ਆਬਾਦੀ ਸੀ। ਅੱਜ ਇਹ 50 ਸੂਬਿਆਂ ਵਾਲਾ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਦੇਸ਼ਾਂ 'ਚੋਂ ਇਕ ਹੈ, ਜਿਸ ਦੀ ਆਬਾਦੀ ਲਗਭਗ 34 ਕਰੋੜ ਤੱਕ ਪਹੁੰਚ ਚੁੱਕੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ 250ਵੀਂ ਵਰ੍ਹੇਗੰਢ ਅਮਰੀਕਾ ਦੇ ਵਿਕਾਸ, ਲੋਕਤੰਤਰੀ ਸੰਸਥਾਵਾਂ ਅਤੇ ਵਿਸ਼ਵ ਪੱਧਰੀ ਭੂਮਿਕਾ ਦੇ ਲੰਬੇ ਸਫ਼ਰ ਦਾ ਪ੍ਰਤੀਕ ਹੈ।

ਇਤਿਹਾਸਕ ਸਮਾਗਮਾਂ ਦੀ ਲੜੀ

ਇਸ ਵਾਰ ਦੇ ਸਮਾਗਮ ਦਾ ਆਯੋਜਨ ਅਮਰੀਕੀ ਕਾਂਗਰਸ ਵੱਲੋਂ ਸਾਲ 2016 ਵਿਚ ਗਠਿਤ ਅਮਰੀਕਾ-250 ਕਮਿਸ਼ਨ ਦੀ ਦੇਖ-ਰੇਖ ਵਿਚ ਕੀਤਾ ਜਾ ਰਿਹਾ ਹੈ। ਪੂਰੇ ਦੇਸ਼ ਵਿਚ ਵਿਰਾਸਤੀ ਪ੍ਰਦਰਸ਼ਨੀਆਂ, ਫੌਜੀ ਪਰੇਡਾਂ, ਸੱਭਿਆਚਾਰਕ ਪ੍ਰੋਗਰਾਮ, ਨਵੇਂ ਆਯੋਜਨ, ਸੂਬਾ ਪੱਧਰੀ ਮੇਲੇ, ਯਾਦਗਾਰੀ ਸਿੱਕੇ ਜਾਰੀ ਕਰਨਾ ਅਤੇ ਇਤਿਹਾਸ 'ਤੇ ਆਧਾਰਿਤ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਫਿਲਾਡੈਲਫੀਆ, ਵਾਸ਼ਿੰਗਟਨ ਡੀ.ਸੀ., ਬੋਸਟਨ ਅਤੇ ਚਾਰਲਸਟਨ ਵਰਗੇ ਇਤਿਹਾਸਕ ਸ਼ਹਿਰ ਇਨ੍ਹਾਂ ਸਮਾਰੋਹਾਂ ਦੇ ਮੁੱਖ ਕੇਂਦਰ ਬਣੇ ਹੋਏ ਹਨ।

ਲੋਕਤੰਤਰ ਅਤੇ ਆਜ਼ਾਦੀ ਦੇ ਮੁੱਲਾਂ ਦਾ ਸੰਦੇਸ਼ : ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਮਾਰੋਹ ਸਿਰਫ਼ ਇਤਿਹਾਸਕ ਘਟਨਾ ਦਾ ਜਸ਼ਨ ਨਹੀਂ ਹੈ, ਸਗੋਂ ਲੋਕਤੰਤਰ, ਆਜ਼ਾਦੀ ਅਤੇ ਸਵੈ-ਸ਼ਾਸਨ ਵਰਗੇ ਮੂਲ ਅਮਰੀਕੀ ਆਦਰਸ਼ਾਂ 'ਤੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਵੀ ਹੈ। ਇਹ ਸਮਾਰੋਹ ਦੇਸ਼ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਉਸ ਦੇ ਇਤਿਹਾਸ ਵਿਚ ਆਏ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੰਘਰਸ਼ਾਂ ਨੂੰ ਵੀ ਯਾਦ ਕਰਨ ਦਾ ਜ਼ਰੀਆ ਬਣ ਰਿਹਾ ਹੈ।

ਅਮਰੀਕਾ ਲਈ ਇਤਿਹਾਸਕ ਪੜਾਅ ਬਣਿਆ 2026 : 250ਵੀਂ ਵਰ੍ਹੇਗੰਢ ਨੂੰ ਅਮਰੀਕਾ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਦੇਸ਼ 100ਵੀਂ, 150ਵੀਂ ਅਤੇ 200ਵੀਂ ਵਰ੍ਹੇਗੰਢ ਮਨਾ ਚੁੱਕਾ ਹੈ। ਹੁਣ 'ਸੈਮੀਕੁਇਨਸੈਂਟੇਨੀਅਲ' ਦੇ ਰੂਪ ਵਿਚ ਮਨਾਇਆ ਜਾ ਰਿਹਾ ਇਹ ਸਮਾਰੋਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਅਮਰੀਕੀ ਇਤਿਹਾਸ ਦੇ ਸਭ ਤੋਂ ਯਾਦਗਾਰੀ ਆਯੋਜਨਾਂ ਵਿਚ ਸ਼ਾਮਲ ਰਹੇਗਾ।

ਭਿਆਨਕ ਲੂ ਵਿਚਾਲੇ ਅਮਰੀਕਾ ਵਿਚ ਆਜ਼ਾਦੀ ਦਿਹਾੜੇ ਦੇ ਕਈ ਸਮਾਰੋਹ ਬਦਲੇ

ਅਮਰੀਕਾ ਦੇ ਆਜ਼ਾਦੀ ਦਿਹਾੜੇ 'ਤੇ ਕਈ ਸਮਾਰੋਹ ਇਸ ਵਾਰ ਭਿਆਨਕ ਗਰਮੀ ਦੀ ਲਪੇਟ 'ਚ ਆ ਗਏ ਹਨ। ਦੇਸ਼ ਦੇ ਮੱਧ ਅਤੇ ਪੂਰਬੀ ਹਿੱਸਿਆਂ 'ਚ ਪੈ ਰਹੀ ਤੇਜ਼ ਲੂ ਅਤੇ ਬਹੁਤ ਜ਼ਿਆਦਾ ਤਾਪਮਾਨ ਕਾਰਨ ਕਈ ਸ਼ਹਿਰਾਂ ਵਿਚ ਪਰੇਡ, ਸੱਭਿਆਚਾਰਕ ਪ੍ਰੋਗਰਾਮ, ਸੰਗੀਤ ਸਮਾਰੋਹ ਅਤੇ ਆਤਿਸ਼ਬਾਜ਼ੀ ਦੇ ਆਯੋਜਨਾਂ ਨੂੰ ਰੱਦ, ਮੁਲਤਵੀ ਜਾਂ ਸੋਧਿਆ ਕਰਨਾ ਪਿਆ। ਮੌਸਮ ਵਿਭਾਗ ਦੇ ਅਨੁਸਾਰ 18.5 ਕਰੋੜ ਤੋਂ ਵੱਧ ਲੋਕ ਹੀਟ ਅਲਰਟ ਦੇ ਦਾਇਰੇ 'ਚ ਹਨ। ਅਮਰੀਕੀ ਰਾਸ਼ਟਰੀ ਮੌਸਮ ਸੇਵਾ (ਐੱਨ. ਡਬਲਯੂ. ਐੱਸ.) ਨੇ ਚਿਤਾਵਨੀ ਦਿੱਤੀ ਹੈ ਕਿ ਕਈ ਇਲਾਕਿਆਂ ਵਿਚ ਹੀਟ ਇੰਡੈਕਸ 115 ਡਿਗਰੀ ਫਾਰਨਹੀਟ (ਲਗਭਗ 46 ਡਿਗਰੀ ਸੈਲਸੀਅਸ) ਤੱਕ ਪਹੁੰਚ ਗਿਆ ਹੈ। ਮਾਹਿਰਾਂ ਨੇ ਕਿਹਾ ਕਿ ਇੰਨੀ ਜ਼ਿਆਦਾ ਗਰਮੀ ਕਾਰਨ ਹੀਟ ਸਟ੍ਰੋਕ, ਸਰੀਰ ਵਿਚ ਪਾਣੀ ਦੀ ਕਮੀ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਦਾ ਖ਼ਤਰਾ ਕਾਫ਼ੀ ਵਧ ਗਿਆ ਹੈ।

ਵਾਸ਼ਿੰਗਟਨ 'ਚ ਮੁੱਖ ਆਯੋਜਨ ਹੋਇਆ ਪ੍ਰਭਾਵਿਤ

ਭਿਆਨਕ ਗਰਮੀ ਦਾ ਸਭ ਤੋਂ ਵੱਧ ਅਸਰ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਆਯੋਜਿਤ 'ਗ੍ਰੇਟ ਅਮੈਰਿਕਨ ਸਟੇਟ ਫੇਅਰ' 'ਤੇ ਪਿਆ, ਜੋ ਅਮਰੀਕਾ ਦੀ 250ਵੀਂ ਆਜ਼ਾਦੀ ਦੀ ਵਰ੍ਹੇਗੰਢ ਦੇ ਮੁੱਖ ਆਯੋਜਨਾਂ ਵਿਚ ਸ਼ਾਮਲ ਹੈ। ਤਾਪਮਾਨ 101 ਡਿਗਰੀ ਫਾਰਨਹੀਟ (ਲਗਭਗ 38 ਡਿਗਰੀ ਸੈਲਸੀਅਸ) ਪਹੁੰਚਣ ਤੋਂ ਬਾਅਦ ਪ੍ਰਬੰਧਕਾਂ ਨੇ ਸ਼ੁੱਕਰਵਾਰ ਦੁਪਹਿਰ ਨੂੰ ਮੇਲੇ ਨੂੰ ਅਸਥਾਈ ਰੂਪ ਵਿਚ ਬੰਦ ਕਰ ਦਿੱਤਾ। ਬਾਅਦ ਵਿਚ ਵਾਧੂ ਸੁਰੱਖਿਆ ਪ੍ਰਬੰਧਾਂ ਦੇ ਨਾਲ ਇਸ ਨੂੰ ਦੁਬਾਰਾ ਖੋਲ੍ਹਿਆ ਗਿਆ।

ਲੋਕਾਂ ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧ

ਪ੍ਰਬੰਧਕਾਂ ਨੇ ਪ੍ਰੋਗਰਾਮ ਵਾਲੀ ਥਾਂ 'ਤੇ ਕੂਲਿੰਗ ਟੈਂਟ, ਪਾਣੀ ਦੇ ਫੁਹਾਰੇ ਵਾਲੇ ਸਟੇਸ਼ਨ ਅਤੇ ਛਾਂਦਾਰ ਆਰਾਮ ਘਰ ਬਣਾਏ। ਮੌਸਮ ਵਿਗਿਆਨੀਆਂ ਅਨੁਸਾਰ ਇਸ ਅਸਧਾਰਨ ਗਰਮੀ ਦਾ ਕਾਰਨ 'ਹੀਟ ਡੋਮ' ਹੈ। ਇਹ ਉੱਚ ਹਵਾ ਦੇ ਦਬਾਅ ਦੀ ਇਕ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਗਰਮ ਹਵਾ ਨੂੰ ਇਕ ਵੱਡੇ ਖੇਤਰ ਵਿਚ ਫਸਾ ਦਿੰਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ੍ਹਾ ਘਰਾਂ ਤੋਂ ਬਾਹਰ ਨਾ ਨਿਕਲਣ, ਬਜ਼ੁਰਗਾਂ, ਬੱਚਿਆਂ ਅਤੇ ਬੀਮਾਰ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

'ਹੀਟ ਡੋਮ' ਬਣਿਆ ਭਿਆਨਕ ਗਰਮੀ ਦਾ ਕਾਰਨ

ਮੌਸਮ ਵਿਗਿਆਨੀਆਂ ਅਨੁਸਾਰ ਇਸ ਭਿਆਨਕ ਗਰਮੀ ਦਾ ਕਾਰਨ 'ਹੀਟ ਡੋਮ' ਹੈ। ਇਹ ਉੱਚ ਹਵਾ ਦੇ ਦਬਾਅ ਦੀ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਗਰਮ ਹਵਾ ਨੂੰ ਇਕ ਵੱਡੇ ਖੇਤਰ ਵਿਚ ਫਸਾ ਦਿੰਦੀ ਹੈ। ਇਸ ਨਾਲ ਤਾਪਮਾਨ ਅਤੇ ਨਮੀ ਲਗਾਤਾਰ ਵਧਦੇ ਰਹਿੰਦੇ ਹਨ। ਇਹ ਪ੍ਰਣਾਲੀ ਪਹਿਲਾਂ ਅਮਰੀਕਾ ਦੇ ਮਿਡਵੈਸਟ ਖੇਤਰ ਵਿਚ ਬਣੀ ਅਤੇ ਬਾਅਦ ਵਿਚ ਪੂਰਬੀ ਤੱਟ ਵੱਲ ਫੈਲ ਗਈ, ਜਿਸ ਨਾਲ ਕਈ ਸੂਬਿਆਂ ਵਿਚ ਰਿਕਾਰਡ ਤੋੜ ਗਰਮੀ ਦਰਜ ਕੀਤੀ ਗਈ।

ਚੌਕਸੀ ਵਰਤਣ ਦੀ ਅਪੀਲ

ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ੍ਹਾ ਘਰਾਂ ਤੋਂ ਬਾਹਰ ਨਾ ਨਿਕਲਣ, ਬਜ਼ੁਰਗਾਂ, ਬੱਚਿਆਂ ਅਤੇ ਬੀਮਾਰ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਵੀ ਕਈ ਇਲਾਕਿਆਂ ਵਿਚ ਭਿਆਨਕ ਗਰਮੀ ਦਾ ਦੌਰ ਜਾਰੀ ਰਹਿ ਸਕਦਾ ਹੈ।

'ਤੇ ਕੂਲਿੰਗ ਟੈਂਟ, ਪਾਣੀ ਦੇ ਫੁਹਾਰੇ ਵਾਲੇ ਸਟੇਸ਼ਨ ਅਤੇ ਛਾਂਦਾਰ ਆਰਾਮ ਘਰ ਬਣਾਏ। ਮੌਸਮ ਵਿਗਿਆਨੀਆਂ ਅਨੁਸਾਰ ਇਸ ਅਸਧਾਰਨ ਗਰਮੀ ਦਾ ਕਾਰਨ 'ਹੀਟ ਡੋਮ' ਹੈ। ਇਹ ਉੱਚ ਹਵਾ ਦੇ ਦਬਾਅ ਦੀ ਇਕ ਅਜਿਹੀ ਪ੍ਰਣਾਲੀ ਹੁੰਦੀ ਹੈ, ਜੋ ਗਰਮ ਹਵਾ ਨੂੰ ਇਕ ਵੱਡੇ ਖੇਤਰ ਵਿਚ ਫਸਾ ਦਿੰਦੀ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ੍ਹਾ ਘਰਾਂ ਤੋਂ ਬਾਹਰ ਨਾ ਨਿਕਲਣ, ਬਜ਼ੁਰਗਾਂ, ਬੱਚਿਆਂ ਅਤੇ ਬੀਮਾਰ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

ਯੂਕ੍ਰੇਨ ਨੇ ਰੂਸ ਦੇ 'ਸੇਂਟ ਪੀਟਰਸਬਰਗ' ਵਿਚ ਤੇਲ ਟਰਮੀਨਲ 'ਤੇ ਕੀਤਾ ਡਰੋਨ ਹਮਲਾ

ਤੇਲ ਟਰਮੀਨਲ 'ਤੇ ਹਮਲੇ ਤੋਂ ਬਾਅਦ ਉੱਠਦਾ ਧੂੰਆਂ।

ਮਾਸਕੋ, 4 ਜੁਲਾਈ (ਏਜੰਸੀ)-ਯੂਕ੍ਰੇਨ ਨੇ ਇਕ ਡਰੋਨ ਹਮਲੇ ਵਿਚ ਸੇਂਟ ਪੀਟਰਸਬਰਗ ਸਥਿਤ ਇਕ ਤੇਲ ਟਰਮੀਨਲ ਨੂੰ ਸ਼ਨੀਵਾਰ ਨੂੰ ਨਿਸ਼ਾਨਾ ਬਣਾਇਆ। ਰੂਸ ਦੇ ਤੇਲ ਅਦਾਰਿਆਂ 'ਤੇ ਹਮਲੇ ਤੇਜ਼ ਕਰਨ ਦੀ ਆਪਣੀ ਰਣਨੀਤੀ ਤਹਿਤ ਯੂਕ੍ਰੇਨ ਲਗਾਤਾਰ ਅਜਿਹੇ ਹਮਲੇ ਕਰ ਰਿਹਾ ਹੈ। ਗਵਰਨਰ ਅਲੈਗਜ਼ੈਂਡਰ ਬੇਗਲੋਵ ਨੇ ਦੱਸਿਆ ਕਿ ਬਾਲਟਿਕ ਸਾਗਰ ਦੇ ਤੱਟ 'ਤੇ ਸਥਿਤ ਸ਼ਹਿਰ ਦੇ ਕਿਰੋਵਸਕੀ ਜ਼ਿਲੇ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਹਵਾਈ ਰੱਖਿਆ ਪ੍ਰਣਾਲੀਆਂ ਨੇ ਰੂਸ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਯੂਕ੍ਰੇਨ ਦੇ 72 ਡਰੋਨ ਤਬਾਹ ਕਰ ਦਿੱਤੇ।

ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਯੂਕ੍ਰੇਨੀ ਡਰੋਨਾਂ ਨੇ ਸੇਂਟ ਪੀਟਰਸਬਰਗ ਦੇ ਤੱਟ ਨੇੜੇ ਸਥਿਤ ਕ੍ਰੋਨਸਟਾਟ ਟਾਪੂ 'ਤੇ ਇਕ ਫ਼ੌਜੀ ਟਿਕਾਣੇ ਨੂੰ ਵੀ ਨਿਸ਼ਾਨਾ ਬਣਾਇਆ। ਜ਼ੇਲੈਂਸਕੀ ਨੇ ਟੈਲੀਗ੍ਰਾਮ 'ਤੇ ਇਕ ਪੋਸਟ ਵਿਚ ਕਿਹਾ, "ਯੂਕ੍ਰੇਨ ਦੀਆਂ ਰੱਖਿਆ ਫ਼ੌਜਾਂ ਨੇ ਬੰਦਰਗਾਹ ਦੇ ਉਸ ਤੇਲ ਅਦਾਰੇ ਨੂੰ ਨਿਸ਼ਾਨਾ ਬਣਾਇਆ, ਜਿਸ ਤੋਂ ਰੂਸ ਨੂੰ ਜੰਗ ਲਈ ਆਰਥਿਕ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਕ੍ਰੋਨਸਟਾਟ 'ਤੇ ਵੀ ਹਮਲੇ ਕੀਤੇ ਗਏ, ਜੋ ਕਿ ਇਕ ਮਹੱਤਵਪੂਰਨ ਫ਼ੌਜੀ ਟਿਕਾਣਾ ਹੈ।"

ਗਵਰਨਰ ਸਰਗੇਈ ਅਕਸਯੋਨੋਵ ਨੇ ਦੱਸਿਆ ਕਿ ਸ਼ਨੀਵਾਰ ਨੂੰ ਯੂਕ੍ਰੇਨ ਦੇ ਇਕ ਹਮਲੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 2 ਹੋਰ ਲੋਕ ਜ਼ਖ਼ਮੀ ਹੋ ਗਏ। ਇਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਯੂਕ੍ਰੇਨ ਦੇ ਦੱਖਣ-ਪੂਰਬੀ ਜ਼ਾਪੋਰਿਜ਼ੀਆ ਖੇਤਰ ਵਿਚ ਰੂਸੀ ਹਮਲੇ 'ਚ ਰਿਹਾਇਸ਼ੀ ਇਮਾਰਤਾਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ 8 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚ 2 ਬੱਚੇ ਵੀ ਸ਼ਾਮਲ ਹਨ।

ਪੱਛਮੀ ਏਸ਼ੀਆ 'ਚ ਵਿਚੋਲਗੀ ਨੂੰ ਲੈ ਕੇ ਪਾਕਿ ਨਾਲ ਭਾਰਤ ਦੀ ਤੁਲਨਾ ਅਣਉਚਿਤ : ਦੋਰਾਈਸਵਾਮੀ

ਬੀਜਿੰਗ, 4 ਜੁਲਾਈ (ਏਜੰਸੀ)- ਚੀਨ ਵਿਚ ਭਾਰਤ ਦੇ ਰਾਜਦੂਤ ਵਿਕਰਮ ਦੋਰਾਈਸਵਾਮੀ ਨੇ ਪੱਛਮੀ ਏਸ਼ੀਆ ਸੰਘਰਸ਼ ਵਿਚ ਵਿਚੋਲਗੀ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਦੇ ਵਿਚਾਲੇ ਕਿਸੇ ਵੀ ਤਰ੍ਹਾਂ ਦੀ ਤੁਲਨਾ ਨੂੰ ਸ਼ਨੀਵਾਰ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਦੇਸ਼ਾਂ ਨੂੰ ਖ਼ੁਦ ਤੈਅ ਕਰਨਾ ਚਾਹੀਦਾ ਹੈ ਕਿ ਅਜਿਹਾ ਕਰਨਾ ਉਨ੍ਹਾਂ ਦੇ ਹਿੱਤ 'ਚ ਹੈ ਜਾਂ ਨਹੀਂ। ਦੋਰਾਈਸਵਾਮੀ ਨੇ ਗਲੋਬਲ ਸੰਘਰਸ਼ਾਂ ਵਿਚ ਭਾਰਤ ਦੀ ਭੂਮਿਕਾ ਅਤੇ ਈਰਾਨ-ਅਮਰੀਕਾ ਸੰਘਰਸ਼ ਵਿਚ ਵਿਚੋਲਗੀ ਦੇ ਪਾਕਿਸਤਾਨ ਦੇ ਯਤਨਾਂ ਬਾਰੇ ਇਕ ਚੀਨੀ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਕਿਹਾ, 'ਜੇ ਮੈਂ ਥੋੜ੍ਹਾ ਸਾਫ਼ ਸ਼ਬਦਾਂ ਵਿਚ ਕਹਾਂ ਤਾਂ ਪਾਕਿਸਤਾਨ ਨਾਲ ਤੁਲਨਾ ਬੇਲੋੜੀ ਅਣਉਚਿਤ ਹੈ। ਮੈਂ ਮੰਨਦਾ ਹਾਂ ਕਿ ਦੋਵਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਹੀ ਤੁਹਾਨੂੰ ਬਹੁਤ ਕੁਝ ਦੱਸ ਦੇਣਗੀਆਂ।' ਦੋਰਾਈਸਵਾਮੀ ਨੇ ਇੱਥੇ ਚੀਨ ਦੀ ਸਿੰਘੂਆ ਯੂਨੀਵਰਸਿਟੀ ਵੱਲੋਂ ਆਯੋਜਿਤ 'ਵਿਸ਼ਵ ਸ਼ਾਂਤੀ ਮੰਚ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਦੁਨੀਆ ਨੂੰ ਇਸ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ ਕਿ ਉਹ ਅਸਲ ਵਿਚ ਕੀ ਹਨ ਅਤੇ ਉਹ ਵਿਆਪਕ ਗਲੋਬਲ ਵਿਵਸਥਾ ਵਿਚ ਅਸਲ ਵਿਚ ਕੀ ਕਰ ਰਹੇ ਹਨ। ਦੋਰਾਈਸਵਾਮੀ ਨੇ ਕਿਹਾ ਕਿ ਦੁਨੀਆ ਨਾਲ ਭਾਰਤ ਦਾ ਜੁੜਾਅ ਉੱਚ ਪੱਧਰ 'ਤੇ ਹੈ, ਜਿਸ ਦੀ ਬਰਾਬਰੀ ਜ਼ਿਆਦਾਤਰ ਦੇਸ਼ ਨਹੀਂ ਕਰ ਸਕਦੇ।

QATAR REQUIREMENT ਕਤਰ
ਸ਼ਟਰਿੰਗ ਕਾਰਪੇਂਟਰ, ਸਟੀਲ ਫਿਕਸਰ SALARY QR 1400-1600 | ਹੈਲਪਰ SALARY QR 1000-1100
ਕਾਰਪੇਂਟਰ ਫੌਰਮੈਨ, ਸਟੀਲ ਫਿਕਸਰ ਫੌਰਮੈਨ SALARY QR 2500-3200
FREE FOOD + FREE ACCOMMODATION , AGE: 21-48 YEARS
ਕਲਾਇੰਟ ਇੰਟਰਵਿਊ 9 ਅਤੇ 10 ਜੁਲਾਈ ਨੂੰ ਸਾਡੇ ਆਫਿਸ ਹੁਸ਼ਿਆਰਪੁਰ ਵਿਖੇ ਹੋਵੇਗੀ
AL-SAMIT OVERSEAS 8437574945, 7347354945
LICENCE NO. B-1390/PUN/PER/100/5/9919/2021
PHAGWARA ROAD, FF, KHERA COMPLEX BUILDING, HOSHIARPUR PH: 01882-291268

tifr HBCSE
ਹੋਮੀ ਭਾਭਾ ਵਿਗਿਆਨ ਸਿੱਖਿਆ ਕੇਂਦਰ
ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ
ਭਾਰਤੀ ਗਣਿਤ ਓਲੰਪਿਆਡ ਯੋਗਤਾ ਪ੍ਰੀਖਿਆ
(IOQM) 2026-27
ਭਾਰਤੀ ਰਾਸ਼ਟਰੀ ਗਣਿਤ ਓਲੰਪਿਆਡ (INMO) 2027 ਵਿਚ ਹਿੱਸਾ ਲੈਣ ਦੇ ਇੱਛੁਕ ਵਿਦਿਆਰਥੀਆਂ ਲਈ ਰਾਸ਼ਟਰੀ ਗਣਿਤ ਓਲੰਪਿਆਡ ਯੋਗਤਾ ਪ੍ਰੀਖਿਆ (IOQM) ਵਿਚ ਸ਼ਾਮਲ ਹੋਣਾ ਲਾਜ਼ਮੀ ਹੈ।
ਇਹ ਪ੍ਰੀਖਿਆ 6 ਸਤੰਬਰ, 2026 ਨੂੰ ਕਰਵਾਈ ਜਾਵੇਗੀ।
IOQM ਵਿਚ ਸਫਲ ਹੋਣ ਵਾਲੇ ਵਿਦਿਆਰਥੀ INMO 2027 ਵਿਚ ਹਿੱਸਾ ਲੈਣ ਦੇ ਯੋਗ ਹੋਣਗੇ। ਇਹ ਕੌਮਾਂਤਰੀ ਗਣਿਤ ਓਲੰਪਿਆਡ (IMO) 2027 ਅਤੇ ਯੂਰਪੀਅਨ ਗਰਲਜ਼ ਗਣਿਤ ਓਲੰਪਿਆਡ (EGMO) 2028 ਵਿਚ ਭਾਰਤੀ ਟੀਮ ਦੇ ਅਧਿਕਾਰਤ ਮੈਂਬਰ ਵਜੋਂ ਭਾਗੀਦਾਰੀ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ।
ਵਧੇਰੇ ਜਾਣਕਾਰੀ ਤੇ ਰਜਿਸਟ੍ਰੇਸ਼ਨ ਲਈ ਲਿੰਕ :
https://olympiads.hbcse.tifr.res.in ਤੇ https://www.mtai.org.in/
ਰਜਿਸਟ੍ਰੇਸ਼ਨ ਸਬੰਧਤ ਪ੍ਰੀਖਿਆ ਕੇਂਦਰਾਂ 'ਤੇ ਸਿੱਧੇ ਤੌਰ 'ਤੇ ਕੀਤੀ ਜਾ ਸਕਦੀ ਹੈ।
ਇਸ ਤੋਂ ਇਲਾਵਾ ਆਨਲਾਈਨ ਰਜਿਸਟ੍ਰੇਸ਼ਨ ਵੀ 29 ਜੂਨ 2026 ਤੋਂ ਸ਼ੁਰੂ ਹੋਵੇਗੀ।
ਆਨਲਾਈਨ ਰਜਿਸਟ੍ਰੇਸ਼ਨ ਲਈ ਵੈੱਬਸਾਈਟ : https://ioqm.mtai.org.in/
ਰਜਿਸਟ੍ਰੇਸ਼ਨ ਦੀ ਅੰਤਿਮ ਮਿਤੀ : 25 ਜੁਲਾਈ 2026
CBC 48143/11/0004/2627

ਭਾਰਤ-ਆਸਟ੍ਰੇਲੀਆ ਸਬੰਧ ਪਹਿਲਾਂ ਕਦੇ ਇੰਨੇ ਮਜ਼ਬੂਤ ਨਹੀਂ ਰਹੇ : ਅਲਬਾਨੀਜ਼

ਕੈਨਬਰਾ, 4 ਜੁਲਾਈ (ਏਜੰਸੀ)- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸ਼ਨੀਵਾਰ ਨੂੰ ਦੱਸਿਆ ਕਿ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਅਗਲੇ ਹਫ਼ਤੇ ਆਸਟ੍ਰੇਲੀਆ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਸਬੰਧ 'ਪਹਿਲਾਂ ਕਦੇ ਇੰਨੇ ਮਜ਼ਬੂਤ ਨਹੀਂ ਰਹੇ।'

ਅਲਬਾਨੀਜ਼ ਨੇ ਇਕ ਬਿਆਨ 'ਚ ਕਿਹਾ, "ਮੈਂ ਨੇਤਾਵਾਂ ਦੇ ਸਾਲਾਨਾ ਸਿਖਰ ਸੰਮੇਲਨ ਲਈ ਆਪਣੇ ਮਿੱਤਰ ਪ੍ਰਧਾਨ ਮੰਤਰੀ ਮੋਦੀ ਦਾ ਆਸਟ੍ਰੇਲੀਆ ਵਿਚ ਸੁਆਗਤ ਕਰਨ ਨੂੰ ਲੈ ਕੇ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।" ਮੋਦੀ 8 ਤੋਂ 10 ਜੁਲਾਈ ਤੱਕ ਮੈਲਬੌਰਨ ਦਾ ਦੌਰਾ ਕਰਨਗੇ। ਉਹ 3 ਦੇਸ਼ਾਂ ਦੀ ਯਾਤਰਾ ਦੇ ਦੂਜੇ ਪੜਾਅ ਤਹਿਤ ਆਸਟ੍ਰੇਲੀਆ ਆਉਣਗੇ। ਮੋਦੀ ਦੀ ਵਿਦੇਸ਼ ਯਾਤਰਾ 6 ਜੁਲਾਈ ਨੂੰ ਇੰਡੋਨੇਸ਼ੀਆ ਤੋਂ ਸ਼ੁਰੂ ਹੋਵੇਗੀ ਅਤੇ 11 ਜੁਲਾਈ ਨੂੰ ਨਿਊਜ਼ੀਲੈਂਡ ਵਿਚ ਖ਼ਤਮ ਹੋਵੇਗੀ।

ਅਲਬਾਨੀਜ਼ ਨੇ ਕਿਹਾ ਕਿ ਆਸਟ੍ਰੇਲੀਆ-ਭਾਰਤ ਸਬੰਧ ਪਹਿਲਾਂ ਕਦੇ ਇੰਨੇ ਮਹੱਤਵਪੂਰਨ ਨਹੀਂ ਰਹੇ ਅਤੇ ਸਾਡੀ ਭਾਈਵਾਲੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸ਼ਾਂਤੀ, ਸਥਿਰਤਾ ਤੇ ਖ਼ੁਸ਼ਹਾਲੀ ਨੂੰ ਉਤਸ਼ਾਹ ਦਿੰਦੀ ਰਹੀ ਹੈ।

ਅਲਬਾਨੀਜ਼ ਦੇ ਦਫ਼ਤਰ ਨੇ ਕਿਹਾ ਕਿ ਵਪਾਰ, ਰੱਖਿਆ ਅਤੇ ਸੁਰੱਖਿਆ ਤੇ ਤਕਨਾਲੋਜੀ ਦੇ ਖੇਤਰ ਵਿਚ ਸਹਿਯੋਗ ਨਾਲ ਦੋਵਾਂ ਦੇਸ਼ਾਂ ਨੂੰ ਫ਼ਾਇਦਾ ਹੋ ਰਿਹਾ ਹੈ। ਅਲਬਾਨੀਜ਼ ਅਤੇ ਮੋਦੀ ਦੀ ਆਖ਼ਰੀ ਮੁਲਾਕਾਤ 2025 ਵਿਚ ਜੋਹਾਨਸਬਰਗ ਵਿਚ ਜੀ-20 ਸਿਖਰ ਸੰਮੇਲਨ ਦੌਰਾਨ ਹੋਈ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਤੇ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹੋਣ ਕਰ ਕੇ ਭਾਰਤ, ਆਸਟ੍ਰੇਲੀਆ ਲਈ ਇਕ ਮਹੱਤਵਪੂਰਨ ਆਰਥਿਕ ਭਾਈਵਾਲ ਹੈ।

ਬਵਾਸੀਰ ਇਲਾਜ
ਜਰਮਨ / ਅਮਰੀਕਨ ਇਟਾਲੀਅਨ ਮਸ਼ੀਨਾਂ ਰਾਹੀ
ਬਿਨਾ ਦਰਦ/ਬੇਹੋਸ਼ੀ, 4 ਘੰਟੇ ਬਾਅਦ ਛੁੱਟੀ
ਰਾਣਾ ਬਵਾਸੀਰ ਹਸਪਤਾਲ
ਬੀ.ਡੀ.ਓ. ਦਫ਼ਤਰ ਰੋਡ, ਸਰਹਿੰਦ (ਫਤਿਹਗੜ੍ਹ ਸਾਹਿਬ) ਪੰਜਾਬ
98141-28667, 98554-21467

ਪਾਕਿਸਤਾਨੀ ਸੰਸਦ ਮੈਂਬਰ ਨੇ ਉਪ-ਪ੍ਰਧਾਨ ਮੰਤਰੀ ਇਸਹਾਕ ਡਾਰ ਦੇ ਅਸਤੀਫ਼ੇ ਦੀ ਮੰਗ ਕੀਤੀ

ਸਮੂਹਿਕ ਜਬਰ-ਜ਼ਨਾਹ ਦਾ ਮਾਮਲਾ

ਲਾਹੌਰ, 4 ਜੁਲਾਈ (ਏਜੰਸੀ)-ਪਾਕਿਸਤਾਨ ਦੇ ਫ਼ੌਜੀ ਅਦਾਰੇ ਨਾਲ ਨਜ਼ਦੀਕੀ ਸਬੰਧ ਰੱਖਣ ਵਾਲੇ ਇਕ ਸੰਸਦ ਮੈਂਬਰ ਨੇ 2 ਵਿਦੇਸ਼ੀ ਔਰਤਾਂ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਸਮੂਹਿਕ ਜਬਰ-ਜ਼ਨਾਹ ਦੀ ਘਟਨਾ ਦੇ ਸਿਲਸਿਲੇ ਵਿਚ ਸ਼ਨੀਵਾਰ ਨੂੰ ਉਪ-ਪ੍ਰਧਾਨ ਮੰਤਰੀ ਇਸਹਾਕ ਡਾਰ ਦੇ ਅਸਤੀਫ਼ੇ ਦੀ ਮੰਗ ਕੀਤੀ। ਘਟਨਾ ਦੇ ਸਿਲਸਿਲੇ ਵਿਚ ਡਾਰ ਦੇ ਇਕ ਰਿਸ਼ਤੇਦਾਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੰਸਦ ਮੈਂਬਰ ਨੇ ਉਪ-ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ।

ਪਾਕਿਸਤਾਨੀ ਸੰਸਦ ਦੇ ਉਪਰਲੇ ਸਦਨ (ਸੀਨੇਟ) ਦੇ ਮੈਂਬਰ ਫ਼ੈਸਲ ਵਾਵਡਾ ਨੇ ਸੰਘੀ ਸਰਕਾਰ ਅਤੇ ਪੰਜਾਬ ਸਰਕਾਰ 'ਤੇ ਇਸ ਮਾਮਲੇ ਵਿਚ ਮੰਤਰੀ ਦੇ ਰਿਸ਼ਤੇਦਾਰ ਨੂੰ ਬਚਾਉਣ ਦਾ ਦੋਸ਼ ਵੀ ਲਾਇਆ ਹੈ। ਲਾਹੌਰ ਵਿਚ ਕੁਝ ਲੋਕਾਂ ਦੇ ਇਕ ਸਮੂਹ ਨੇ 29 ਜੂਨ ਨੂੰ ਨੀਦਰਲੈਂਡ ਅਤੇ ਵੈਨੇਜ਼ੁਏਲਾ ਦੀਆਂ 2 ਔਰਤਾਂ ਨੂੰ ਕਥਿਤ ਤੌਰ 'ਤੇ ਅਗਵਾ ਕਰ ਲਿਆ ਅਤੇ ਉਨ੍ਹਾਂ ਨਾਲ ਸਮੂਹਿਕ ਜਬਰ-ਜ਼ਨਾਹ ਕੀਤਾ।

ਪੁਲਸ ਨੇ ਘਟਨਾ ਦੇ ਸਿਲਸਿਲੇ ਵਿਚ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇਕ ਵਿਅਕਤੀ ਫ਼ਰਾਰ ਹੈ। ਸ਼ੁੱਕਰਵਾਰ ਨੂੰ ਲਾਹੌਰ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ 5 ਦਿਨਾਂ ਦੀ ਪੁਲਸ ਹਿਰਾਸਤ 'ਚ ਭੇਜ ਦਿੱਤਾ। ਗ੍ਰਿਫ਼ਤਾਰ ਕੀਤੇ ਗਏ ਲੋਕਾਂ 'ਚੋਂ ਇਕ ਮੁਹੰਮਦ ਰਜ਼ਾ ਡਾਰ ਦੀ ਪਛਾਣ ਇਸ ਮਾਮਲੇ ਵਿਚ ਮੁੱਖ ਸ਼ੱਕੀ ਵਜੋਂ ਕੀਤੀ ਗਈ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਰਜ਼ਾ ਡਾਰ, ਇਸਹਾਕ ਡਾਰ ਦਾ ਪੋਤਾ ਹੈ। ਪੁਲਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਰਜ਼ਾ ਡਾਰ ਪਿਛਲੇ ਸਾਲ ਸਿੰਗਾਪੁਰ 'ਚ ਉਨ੍ਹਾਂ 2 ਔਰਤਾਂ ਨੂੰ ਮਿਲਿਆ ਸੀ ਅਤੇ ਉਹ ਇਕ ਕ੍ਰਿਪਟੋ ਕਰੰਸੀ ਕਾਰੋਬਾਰ ਵਿਚ ਹਿੱਸੇਦਾਰ ਸੀ। ਪੁਲਸ ਮੁਤਾਬਕ, ਰਜ਼ਾ ਡਾਰ ਨੇ ਦੋਵਾਂ ਔਰਤਾਂ ਦੀ ਪਾਕਿਸਤਾਨ ਯਾਤਰਾ ਲਈ ਉਨ੍ਹਾਂ ਦੇ 'ਬਿਜ਼ਨੈੱਸ ਵੀਜ਼ਾ' ਦਾ ਪ੍ਰਬੰਧ ਕੀਤਾ ਸੀ।

ਅਮਰੀਕਾ : ਵਿਸਕਾਨਸਿਨ ਝੀਲ 'ਚ ਕਿਸ਼ਤੀ ਪਲਟਣ ਕਾਰਨ 3 ਲੋਕਾਂ ਦੀ ਮੌਤ

ਲੇਕ ਜਿਨੇਵਾ, 4 ਜੁਲਾਈ (ਏਜੰਸੀ)- ਅਮਰੀਕਾ ਦੇ ਦੱਖਣੀ ਵਿਸਕਾਨਸਿਨ 'ਚ ਤੇਜ਼ ਤੂਫ਼ਾਨ ਦੌਰਾਨ ਜਿਨੇਵਾ ਝੀਲ 'ਚ ਇਕ ਕਿਸ਼ਤੀ ਦੇ ਪਲਟਣ ਕਾਰਨ ਸ਼ੁੱਕਰਵਾਰ ਨੂੰ 3 ਲੋਕਾਂ ਦੀ ਮੌਤ ਹੋ ਗਈ, ਜਦਕਿ 7 ਹੋਰ ਲੋਕਾਂ ਨੂੰ ਬਚਾਅ ਲਿਆ ਗਿਆ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। 'ਵਾਲਵਰਥ ਕਾਊਂਟੀ' ਸ਼ੈਰਿਫ਼ ਵਿਭਾਗ ਦੇ ਡਿਪਟੀ ਸ਼ੈਰਿਫ਼ ਟਾਮ ਹਾਸਨਰ ਨੇ ਦੱਸਿਆ ਕਿ ਕਾਊਂਟੀ ਵਿਚ ਤੂਫ਼ਾਨ ਕਾਰਨ ਰੁੱਖ ਡਿੱਗਣ, ਬਿਜਲੀ ਦੀਆਂ ਤਾਰਾਂ ਟੁੱਟਣ, ਇਮਾਰਤਾਂ ਨੂੰ ਨੁਕਸਾਨ ਪਹੁੰਚਣ ਅਤੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ।

ਹਾਸਨਰ ਨੇ ਕਿਹਾ ਕਿ ਉਨ੍ਹਾਂ ਨੂੰ ਮਾਰੇ ਗਏ ਅਤੇ ਬਚਾਏ ਗਏ ਲੋਕਾਂ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਲੇਕ ਜਿਨੇਵਾ ਸ਼ਹਿਰ ਦੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਲੇਕ ਜਿਨੇਵਾ ਦੇ ਮੇਅਰ ਟਾਡ ਕ੍ਰਾਸ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਰੁੱਖ ਡਿੱਗਣ ਕਾਰਨ ਇਕ ਵਿਅਕਤੀ ਮਾਮੂਲੀ ਰੂਪ 'ਚ ਜ਼ਖ਼ਮੀ ਹੋ ਗਿਆ।

ਅਮਰੀਕਾ 'ਚ ਪਿੰਡ ਰੜਾ ਵਾਸੀ ਨੌਜਵਾਨ ਦੀ ਮੌਤ

ਟਾਂਡਾ ਉੜਮੁੜ, 4 ਜੁਲਾਈ (ਪੰਡਿਤ, ਜਸਵਿੰਦਰ, ਗੁਪਤਾ)- ਅਮਰੀਕਾ ਵਿਚ ਅੱਜ ਪਿੰਡ ਰੜਾ ਵਾਸੀ ਨੌਜਵਾਨ ਦੀ ਅਚਨਚੇਤ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਕੁਲਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਜੋਂ ਹੋਈ ਹੈ। ਕੁਲਜੀਤ (32) ਪਿਛਲੇ 13 ਸਾਲਾਂ ਤੋਂ ਆਪਣੀ ਪਤਨੀ ਅਤੇ ਦੋ ਬੇਟੀਆਂ ਨਾਲ ਕਲੀਵੀਲੈਂਡ (ਓਹਾਇਓ) ਅਮਰੀਕਾ 'ਚ ਰਹਿ ਰਿਹਾ ਸੀ। ਕੁਲਜੀਤ ਦੇ ਚਾਚਾ ਸਮਾਜ ਸੇਵਕ ਬਲਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਅਮਰੀਕਾ ਦੇ ਸਮੇਂ ਮੁਤਾਬਕ ਸ਼ਾਮ ਨੂੰ ਜਦੋਂ ਉਹ ਆਪਣੀ ਪਤਨੀ ਅਤੇ ਬੱਚਿਆਂ ਨਾਲ ਕਾਰ 'ਚ ਕਿਤੇ ਜਾ ਰਿਹਾ ਸੀ ਤਾਂ ਟ੍ਰੈਫਿਕ ਲਾਈਟਾਂ ਕੋਲ ਉਸ ਨੂੰ ਅਚਾਨਕ ਬ੍ਰੇਨ ਹੈਮਰੇਜ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ।

ਬੈਂਕ ਆਫ ਬੜੌਦਾ Bank of Baroda
ਬ੍ਰਾਂਚ : ਦੁਗਰੀ ਰੋਡ ਬ੍ਰਾਂਚ, ਸਾਹਮਣੇ ਮੈਰੀ ਲੈਂਡ ਪੈਲੇਸ, ਲੁਧਿਆਣਾ, ਪੰਜਾਬ, ਪਿਨਕੋਡ : 141001,
ਸੰਪਰਕ ਨੰ. : 0161-5080288, 5080286, 5080285, 8288097553
ਈ-ਮੇਲ : duglub@bankofbaroda.com

ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ
"ਅਪੈਂਡਿਕਸ-IV-A [ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਵੇਖੋ]"

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ), ਮਾਰਟਗੇਜਰ (ਾਂ) ਅਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਲੈ ਲਿਆ ਹੈ, ਦੀ ਵਿਕਰੀ ਹੇਠਾਂ ਦੱਸੇ ਖਾਤੇ/ਖਾਤਿਆਂ ਦੇ ਬਕਾਇਆਂ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਆਧਾਰ 'ਤੇ ਕਰ ਦਿੱਤੀ ਜਾਵੇਗੀ। ਕਰਜ਼ਦਾਰ (ਾਂ)/ਮਾਰਟਗੇਜਰ (ਾਂ)/ਗਾਰੰਟਰ (ਾਂ)/ਸਕਿਓਰਡ ਅਸਾਸੇ/ਅਸਾਸਿਆਂ, ਬਕਾਇਆਂ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਤੇ ਸਮਾਂ, ਈ. ਐੱਮ. ਡੀ. ਤੇ ਵਧੀ ਹੋਈ ਬੋਲੀ ਰਕਮ ਬਾਰੇ ਹੇਠਾਂ ਵਰਣਨ ਕੀਤਾ ਗਿਆ ਹੈ—

ਈ. ਐੱਮ. ਡੀ. ਪੇਸ਼ ਕਰਨ ਦੀ ਅੰਤਿਮ ਮਿਤੀ : ਨਿਲਾਮੀ ਦੀ ਮਿਤੀ ਤੇ ਸਮੇਂ ਨੂੰ ਜਾਂ ਪਹਿਲਾਂ | ਈ. ਐੱਮ. ਡੀ. ਦੇ ਭੁਗਤਾਨ ਦਾ ਢੰਗ : ਆਰ. ਟੀ. ਜੀ. ਐੱਸ./ਐੱਨ. ਈ. ਐੱਫ. ਟੀ. ਈ-ਪੇਮੈਂਟ ਗੇਟਵੇ
ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 13.08.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ

ਲੜੀ ਨੰ.	ਬ੍ਰਾਂਚ ਦਾ ਨਾਂ ਕਰਜ਼ਦਾਰ (ਾਂ)/ਗਾਰੰਟਰ (ਾਂ)/ਮਾਰਟਗੇਜਰ (ਾਂ) ਦਾ ਨਾਂ ਤੇ ਪਤਾ	ਜਾਣਕਾਰੀ ਵਾਲੇ ਭਾਰਾਂ (ਜੇ ਕੋਈ ਹੋਣ) ਸਮੇਤ ਅਚੱਲ ਜਾਇਦਾਦ ਵਿਸਤ੍ਰਿਤ ਵੇਰਵਾ	30.06.2026 ਨੂੰ ਕੁਲ ਬਕਾਏ (ਵਿਆਜ ਤੇ ਹੋਰ ਚਾਰਜਿਜ਼ ਨੂੰ ਛੱਡ ਕੇ)	ਸਰਫੇਸੀ ਤਹਿਤ ਕਬਜ਼ੇ ਦੀ ਸਥਿਤੀ	ਜਾਇਦਾਦ ਦੀ ਜਾਂਚ ਦੀ ਮਿਤੀ ਤੇ ਸਮਾਂ	ਬ੍ਰਾਂਚ ਮੈਨੇਜਰ ਦੇ ਵੇਰਵੇ	ਰਾਖਵੀਂ ਕੀਮਤ ਈ. ਐੱਮ. ਡੀ. ਰਕਮ ਬੋਲੀ ਵਾਧਾ ਰਕਮ
1.	ਦੁਗਰੀ ਰੋਡ ਬ੍ਰਾਂਚ (1) ਸ਼੍ਰੀ ਜੀਤ ਰਾਮ ਪੁੱਤਰ ਪੂਰਨ ਚੰਦ (ਬਿਨੈਕਾਰ) ਅਤੇ (2) ਸ਼੍ਰੀਮਤੀ ਸਰੋਜ ਕੁਮਾਰੀ ਪਤਨੀ ਜੀਤ ਰਾਮ (ਸਹਿ-ਬਿਨੈਕਾਰ), ਪਹਿਲਾ ਪਤਾ : ਮਕਾਨ ਨੰਬਰ 36-ਏ, ਹਿੱਲ ਟੌਪ ਕਾਲੋਨੀ, ਕ੍ਰਿਸ਼ਨਾ ਕਾਲੋਨੀ ਦੇ ਨਾਲ, ਸਰਕਾਰੀ ਪ੍ਰਾਇਮਰੀ ਸਕੂਲ ਦੇ ਨੇੜੇ, ਪਿੰਡ ਤੇ ਡਾਕਖਾਨਾ ਭਾਮੀਆਂ ਕਲਾਂ, ਤਾਜਪੁਰ ਰੋਡ, ਲੁਧਿਆਣਾ-141010, ਦੂਜਾ ਪਤਾ : ਮਕਾਨ ਨੰਬਰ 2595, ਗਲੀ ਨੰਬਰ 4, ਕਿਸ਼ੋਰ ਨਗਰ, ਤਾਜਪੁਰ ਰੋਡ, ਲੁਧਿਆਣਾ-141007.	ਪ੍ਰਾਪਰਟੀ/ਪਲਾਟ ਨੰਬਰ 36-ਏ ਦਾ ਸਾਰਾ ਹਿੱਸਾ, ਜਿਸ ਦੀ ਕੁੱਲ ਪੈਮਾਇਸ਼ 52-1/2 ਗਜ਼ ਹੈ। ਇਹ ਖਸਰਾ ਨੰਬਰ 23//22/2, 23 ਅਤੇ ਖਾਤਾ ਨੰਬਰ 41/62 ਵਿਚ ਸ਼ਾਮਲ ਹੈ, ਜੋ ਕਿ ਸਾਲ 2005-06 ਦੀ ਜਮ੍ਹਾਬੰਦੀ ਦੇ ਅਨੁਸਾਰ ਹੈ। ਇਹ ਜਾਇਦਾਦ ਪਿੰਡ ਭਾਮੀਆਂ ਖੁਰਦ, ਹੱਦਬਸਤ ਨੰਬਰ 180, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸ਼੍ਰੀ ਜੀਤ ਰਾਮ ਪੁੱਤਰ ਸ਼੍ਰੀ ਪੂਰਨ ਚੰਦ ਦੇ ਨਾਂ 'ਤੇ ਵਸੀਕਾ ਨੰਬਰ 14211, ਮਿਤੀ 30.10.2017 ਰਾਹੀਂ ਰਜਿਸਟਰਡ ਹੈ। ਹੱਦਬੰਦੀ—ਉੱਤਰ ਵੱਲੋਂ : ਗੁਆਂਢ 21', ਦੱਖਣ ਵੱਲੋਂ : 20' ਗਲੀ 21', ਪੂਰਬ ਵੱਲੋਂ : ਗੁਆਂਢ 21', ਪੱਛਮ ਵੱਲੋਂ : 20' ਗਲੀ 21'।	ਰੁ. 9,41,787.91/-	ਦਸਤੀ	06.07.2026 ਤੋਂ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ (ਸਿਰਫ ਅਪੁਆਇੰਟਮੈਂਟ ਰਾਹੀਂ)	ਸੰਨੀ ਕੁਮਾਰ 8288097553	ਰੁ. 13,14,300/- ਰੁ. 1,31,430/- ਰੁ. 10,000/-
2.	ਦੁਗਰੀ ਰੋਡ ਬ੍ਰਾਂਚ (1) ਸ਼੍ਰੀਮਤੀ ਕਰਮਜੀਤ ਕੌਰ ਪਤਨੀ ਗੁਰਜੰਟ ਸਿੰਘ (ਕਰਜ਼ਦਾਰ ਤੇ ਮਾਰਟਗੇਜਰ) ਅਤੇ (2) ਸ਼੍ਰੀ ਲਖਵਿੰਦਰ ਸਿੰਘ ਪੁੱਤਰ ਗੁਰਜੰਟ ਸਿੰਘ (ਸਹਿ-ਕਰਜ਼ਦਾਰ), ਪਤਾ : ਮਕਾਨ ਨੰਬਰ 7/1, ਗ੍ਰੀਨ ਐਨਕਲੇਵ, ਮਾਨਕਵਾਲ ਰੋਡ, ਸਰਕਾਰੀ ਪ੍ਰਾਇਮਰੀ ਸਕੂਲ ਦੇ ਨੇੜੇ, ਲੁਧਿਆਣਾ।	ਰਿਹਾਇਸ਼ੀ ਮਕਾਨ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਜਿਸ ਦੀ ਕੁੱਲ ਪੈਮਾਇਸ਼ 50 ਵਰਗ ਗਜ਼ ਹੈ। ਇਹ ਖਸਰਾ ਨੰਬਰ 21//1, 10/1, 22//4/3, 5, 6/1, 7/1, ਖਾਤਾ ਨੰਬਰ 288/306, ਹੱਦਬਸਤ ਨੰਬਰ 276, ਆਬਾਦੀ ਮਾਨਕਵਾਲ, ਲੁਧਿਆਣਾ ਵਿਚ ਸ਼ਾਮਲ ਹੈ। ਇਹ ਜਾਇਦਾਦ ਪਲਾਟ ਨੰਬਰ 7/1, ਗ੍ਰੀਨ ਐਨਕਲੇਵ ਮਾਨਕਵਾਲ, ਲੁਧਿਆਣਾ ਵਿਖੇ ਸਥਿਤ ਹੈ, ਜੋ ਕਿ ਸਾਲ 2008-2009 ਦੀ ਜਮ੍ਹਾਬੰਦੀ ਦੇ ਅਨੁਸਾਰ ਹੈ ਅਤੇ ਸ਼੍ਰੀਮਤੀ ਕਰਮਜੀਤ ਕੌਰ ਪਤਨੀ ਸ਼੍ਰੀ ਗੁਰਜੰਟ ਸਿੰਘ ਦੇ ਨਾਂ 'ਤੇ ਵਸੀਕਾ ਨੰਬਰ 2018-19/103/1/1586, ਮਿਤੀ 14.09.2018 ਰਾਹੀਂ ਰਜਿਸਟਰਡ ਹੈ। ਹੱਦਬੰਦੀ—ਉੱਤਰ ਵੱਲੋਂ : ਗੁਆਂਢ 20', ਦੱਖਣ ਵੱਲੋਂ : 20'-0" ਸ਼੍ਰੀਮਤੀ ਸਨਿਕਾ, ਪੂਰਬ ਵੱਲੋਂ : 22'-6", ਪੱਛਮ ਵੱਲੋਂ : 22'-6".	ਰੁ. 10,42,314.12/-	ਦਸਤੀ	06.07.2026 ਤੋਂ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ (ਸਿਰਫ ਅਪੁਆਇੰਟਮੈਂਟ ਰਾਹੀਂ)	ਸੰਨੀ ਕੁਮਾਰ 8288097553	ਰੁ. 10,86,000/- ਰੁ. 1,08,600/- ਰੁ. 10,000/-
3.	ਦੁਗਰੀ ਰੋਡ ਬ੍ਰਾਂਚ (1) ਸ਼੍ਰੀ ਰਾਮਨਾਥ ਪੁੱਤਰ ਸ਼੍ਰੀ ਤ੍ਰਿਪ ਰਾਮ (ਬਿਨੈਕਾਰ), (2) ਸ਼੍ਰੀਮਤੀ ਈਸ਼ਵਰ ਦੇਵੀ ਪਤਨੀ ਰਾਮ ਨਾਥ (ਸਹਿ-ਬਿਨੈਕਾਰ), (3) ਸ਼੍ਰੀ ਟੋਨੀ ਪੁੱਤਰ ਰਾਮ ਨਾਥ (ਸਹਿ-ਬਿਨੈਕਾਰ), ਪਤਾ : ਮਕਾਨ ਨੰਬਰ 7/8, ਗਲੀ ਨੰਬਰ 15, ਸ਼ਹੀਦ ਭਗਤ ਸਿੰਘ ਨਗਰ, ਧਾਂਦਰਾ ਰੋਡ, ਲੁਧਿਆਣਾ।	ਰਿਹਾਇਸ਼ੀ ਮਕਾਨ ਵਾਲੀ ਜਾਇਦਾਦ ਦਾ ਸਾਰਾ ਹਿੱਸਾ, ਜਿਸ ਦੀ ਕੁੱਲ ਪੈਮਾਇਸ਼ 60 ਵਰਗ ਗਜ਼ ਹੈ। ਇਹ ਖਸਰਾ ਨੰਬਰ 1641, 1640, 1631, 1632, 1639, 1633, ਖਾਤਾ ਨੰਬਰ 52/54, 59/61, 62/65 ਵਿਚ ਸ਼ਾਮਲ ਹੈ, ਜੋ ਕਿ ਸਾਲ 2010-11 ਦੀ ਜਮ੍ਹਾਬੰਦੀ ਦੇ ਅਨੁਸਾਰ ਹੈ। ਇਹ ਜਾਇਦਾਦ ਵਸੀਕਾ ਗਿੱਲ-2, ਹੱਦਬਸਤ ਨੰਬਰ 263, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸ਼੍ਰੀ ਰਾਮਨਾਥ ਦੇ ਨਾਂ 'ਤੇ ਵਸੀਕਾ ਨੰਬਰ 1894, ਮਿਤੀ 05.06.2015 ਰਾਹੀਂ ਰਜਿਸਟਰਡ ਹੈ। ਹੱਦਬੰਦੀ—ਪੂਰਬ : ਗੁਆਂਢ 42'-10", ਉੱਤਰ : ਗੁਆਂਢ 12'-8", ਦੱਖਣ : ਗਲੀ 20' ਚੌੜੀ 12'-8"।	ਰੁ. 9,32,890.24/-	ਸੰਕੇਤਕ	06.07.2026 ਤੋਂ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ (ਸਿਰਫ ਅਪੁਆਇੰਟਮੈਂਟ ਰਾਹੀਂ)	ਸੰਨੀ ਕੁਮਾਰ 8288097553	ਰੁ. 13,54,500/- ਰੁ. 1,35,450/- ਰੁ. 10,000/-
4.	ਦੁਗਰੀ ਰੋਡ ਬ੍ਰਾਂਚ (1) ਸ਼੍ਰੀ ਹਰਪਾਲ ਸਿੰਘ ਪੁੱਤਰ ਸ਼੍ਰੀ ਗੰਗਾ ਰਾਮ (ਬਿਨੈਕਾਰ) ਅਤੇ (2) ਸ਼੍ਰੀਮਤੀ ਕਮਲੇਸ਼ ਪਤਨੀ ਸ਼੍ਰੀ ਹਰਪਾਲ ਸਿੰਘ (ਸਹਿ-ਬਿਨੈਕਾਰ), ਪਤਾ : ਦੋਵੇਂ ਵਾਸੀ ਗਲੀ ਨੰਬਰ- 4 ਐੱਫ, ਆਨੰਦ ਵਿਹਾਰ, ਨੇੜੇ ਸਰਾਭਾ ਸਕੂਲ, ਡੀ.ਏ.ਵੀ. ਸਕੂਲ ਦੇ ਪਿੱਛੇ, ਫੁੱਲਾਂਵਾਲ, ਲੁਧਿਆਣਾ।	ਜ਼ਮੀਨ ਤੇ ਇਮਾਰਤ ਦਾ ਸਾਰਾ ਹਿੱਸਾ ਜੋ ਕਿ ਮਕਾਨ 'ਤੇ ਸਥਿਤ ਹੈ, ਇਸ ਦਾ ਕੁੱਲ ਰਕਬਾ 100 ਵਰਗ ਗਜ਼ ਹੈ। ਇਹ ਜਾਇਦਾਦ ਗਲੀ ਨੰਬਰ 4-ਐੱਫ, ਆਨੰਦ ਵਿਹਾਰ, ਨੇੜੇ ਸਰਾਭਾ ਸਕੂਲ, ਡੀ. ਏ. ਵੀ. ਸਕੂਲ ਦੇ ਪਿੱਛੇ, ਫੁੱਲਾਂਵਾਲ, ਲੁਧਿਆਣਾ ਵਿਖੇ ਸਥਿਤ ਹੈ, ਜਿਸ ਦਾ ਖਸਰਾ ਨੰਬਰ 40//1/2, 11/1, 10, ਖਾਤਾ ਨੰਬਰ 1026/165, 96/97, ਹੱਦਬਸਤ ਨੰਬਰ 278, ਪਿੰਡ ਫੁੱਲਾਂਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ ਹੈ, ਜੋ ਕਿ ਸਾਲ 2012-2013 ਦੀ ਜਮ੍ਹਾਬੰਦੀ ਅਨੁਸਾਰ ਹੈ ਅਤੇ ਹਰਪਾਲ ਸਿੰਘ ਤੇ ਕਮਲੇਸ਼ ਰਾਣੀ ਦੇ ਨਾਂ 'ਤੇ ਮਿਤੀ 09.01.2017 ਨੂੰ ਰਜਿਸਟਰਡ ਵਿਕਰੀ ਡੀਡ ਵਸੀਕਾ ਨੰਬਰ 11674 ਰਾਹੀਂ ਦਰਜ ਹੈ। ਹੱਦਬੰਦੀ— ਪੂਰਬ ਵੱਲੋਂ : 22'-4" ਗੁਆਂਢ, ਪੱਛਮ ਵੱਲੋਂ : 22'-7" ਗਲੀ, ਉੱਤਰ ਵੱਲੋਂ : 39'-6" ਗੁਆਂਢ, ਦੱਖਣ ਵੱਲੋਂ : 39'-6" ਗੁਆਂਢ।	ਰੁ. 5,67,899.18/-	ਸੰਕੇਤਕ	06.07.2026 ਤੋਂ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ (ਸਿਰਫ ਅਪੁਆਇੰਟਮੈਂਟ ਰਾਹੀਂ)	ਸੰਨੀ ਕੁਮਾਰ 8288097553	ਰੁ. 19,00,000/- ਰੁ. 1,90,000/- ਰੁ. 10,000/-
5.	ਦੁਗਰੀ ਰੋਡ ਬ੍ਰਾਂਚ (1) ਸ਼੍ਰੀ ਪਰਦੀਪ ਕੁਮਾਰ ਪੁੱਤਰ ਸ਼੍ਰੀ ਮਾਂਗੇ ਰਾਮ (ਬਿਨੈਕਾਰ) ਅਤੇ (2) ਸ਼੍ਰੀਮਤੀ ਰੀਨਾ ਪਤਨੀ ਸ਼੍ਰੀ ਪਰਦੀਪ ਕੁਮਾਰ (ਸਹਿ-ਬਿਨੈਕਾਰ) ਪਤਾ : ਦੋਵੇਂ ਵਾਸੀ 222/9, ਗਲੀ ਨੰਬਰ 9, ਮਹਾਵੀਰ ਜੈਨ ਕਾਲੋਨੀ, ਹੈਬੋਵਾਲ ਕਲਾਂ, ਲੁਧਿਆਣਾ-141001। ਦੂਜਾ ਪਤਾ : ਦੋਵੇਂ ਵਾਸੀ 8766, ਗਲੀ ਨੰਬਰ 3, ਨਿਊ ਵਿਜੇ ਨਗਰ, ਚੂਹੜਪੁਰ ਰੋਡ, ਹੈਬੋਵਾਲ ਕਲਾਂ, ਲੁਧਿਆਣਾ-141001।	ਜਾਇਦਾਦ ਦਾ ਸਾਰਾ ਹਿੱਸਾ ਜਿਸ ਵਿਚ ਰਿਹਾਇਸ਼ੀ ਜਾਇਦਾਦ ਸ਼ਾਮਲ ਹੈ। ਇਸ ਦਾ ਕੁੱਲ ਰਕਬਾ 40 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 6//19, ਖਾਤਾ ਨੰਬਰ 433/502, ਸਾਲ 2011-12 ਦੀ ਜਮ੍ਹਾਬੰਦੀ ਅਨੁਸਾਰ ਵਾਕਿਆ ਹੈਬੋਵਾਲ ਕਲਾਂ, ਹੱਦਬਸਤ ਨੰਬਰ 102, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਹ ਜਾਇਦਾਦ ਪਰਦੀਪ ਕੁਮਾਰ ਦੇ ਨਾਂ 'ਤੇ ਮਿਤੀ 25.06.2018 ਨੂੰ ਵਸੀਕਾ ਨੰਬਰ 2018-19/101/23 ਰਾਹੀਂ ਰਜਿਸਟਰਡ ਹੈ। ਹੱਦਬੰਦੀ—ਪੂਰਬ ਵੱਲੋਂ : ਗੁਆਂਢ 18', ਪੱਛਮ ਵੱਲੋਂ : ਗੁਆਂਢ 18', ਉੱਤਰ ਵੱਲੋਂ : ਗੁਆਂਢ 20', ਦੱਖਣ ਵੱਲੋਂ : ਗਲੀ 20'।	ਰੁ. 8,27,038.73/-	ਸੰਕੇਤਕ	06.07.2026 ਤੋਂ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤਕ (ਸਿਰਫ ਅਪੁਆਇੰਟਮੈਂਟ ਰਾਹੀਂ)	ਸੰਨੀ ਕੁਮਾਰ 8288097553	ਰੁ. 6,92,900/- ਰੁ. 69,290/- ਰੁ. 10,000/-

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://www.bankofbaroda.in/e-auction.htm ਅਤੇ https://baanknet.in ਵਿਚ ਦਿੱਤੇ ਗਏ ਲਿੰਕ ਦਾ ਹਵਾਲਾ ਲਵੋ। ਇਸ ਤੋਂ ਇਲਾਵਾ ਹਿਤਬੱਧ ਬੋਲੀਕਾਰ ਉੱਪਰ ਦਿੱਤੇ ਗਏ ਸੰਪਰਕ ਨੰਬਰਾਂ ਅਨੁਸਾਰ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ। **ਹੋਰ ਨਿਯਮ ਤੇ ਸ਼ਰਤਾਂ :** (ੳ) ਜਾਇਦਾਦ ਪ੍ਰਤੀਕਾਤਮਕ ਕਬਜ਼ੇ ਵਿਚ ਹੈ ਅਤੇ ਬੋਲੀਕਾਰ ਜਾਇਦਾਦ ਨੂੰ ਪ੍ਰਤੀਕਾਤਮਕ ਕਬਜ਼ੇ ਵਿਚ ਆਪਣੇ ਖ਼ੁਦ ਦੇ ਜੋਖਮ ਤੇ ਜ਼ਿੰਮੇਵਾਰੀ 'ਤੇ ਖਰੀਦ ਰਿਹਾ ਹੈ। (ਅ) ਬੈਂਕ ਜਾਇਦਾਦ ਦਾ ਕਬਜ਼ਾ ਸਿਰਫ਼ ਪ੍ਰਤੀਕਾਤਮਕ ਤੌਰ 'ਤੇ ਹੀ ਸੌਂਪੇਗਾ ਅਤੇ ਸਫ਼ਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਅਸਲ ਕਬਜ਼ੇ ਦੀ ਮੰਗ ਨਹੀਂ ਕਰੇਗਾ। (ੲ) ਬੈਂਕ ਅਸਲ ਕਬਜ਼ਾ ਸੌਂਪਣ ਲਈ ਜ਼ਿੰਮੇਵਾਰ ਜਾਂ ਪਾਬੰਦ ਨਹੀਂ ਹੋਵੇਗਾ। (ਸ) ਪੈਸੇ ਵਾਪਸ ਹੋਣ ਦੀ ਸੂਰਤ ਵਿਚ ਸਫ਼ਲ ਨਿਲਾਮੀ ਖਰੀਦਦਾਰ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। (ਹ) ਸਫ਼ਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਐਲਾਨਨਾਮਾ ਤੇ ਅੰਡਰਟੇਕਿੰਗ ਜਮ੍ਹਾ ਕਰਵਾਉਣੀ ਹੋਵੇਗੀ। (ਕ) ਵਿਕਰੀ ਤੋਂ ਬਾਅਦ ਜੇਕਰ ਸਫ਼ਲ ਬੋਲੀਕਾਰ ਐਲਾਨਨਾਮਾ ਤੇ ਅੰਡਰਟੇਕਿੰਗ ਜਮ੍ਹਾ ਕਰਵਾਉਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਬੋਲੀ ਦੀ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ।

ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਇੱਥੇ ਸਕੈਨ ਕਰੋ

ਇਸ ਨੂੰ ਸਰਫੇਸੀ ਐਕਟ 2002 ਤਹਿਤ 15/30 ਦਿਨਾ ਵਿਧਾਨਕ ਵਿਕਰੀ ਨੋਟਿਸ ਸਮਝਿਆ ਜਾਵੇ।

ਮਿਤੀ : 05.07.2026 ਸਥਾਨ : ਲੁਧਿਆਣਾ ਅਧਿਕਾਰਤ ਅਫਸਰ : ਬੈਂਕ ਆਫ ਬੜੌਦਾ

ਸਾਲਾਂ ਦੀ ਰਿਸਰਚ, ਪ੍ਰਾਚੀਨ ਆਯੁਰਵੈਦਿਕ ਤਰੀਕੇ ਨਾਲ ਤਿਆਰ ਜੌਲੀ ਤੁਲਸੀ-51 ਡ੍ਰੌਪਸ ਜੋ
ਸ਼ਰੀਰ ਨੂੰ ਡੀਟੌਕਸ (Detox) ਕਰੇ
CLINICALLY TESTED ਇਮਊਨਿਟੀ ਵਧਾਉਣ ਵਿੱਚ ਸਹਾਇਕ
ਖਾਸ 5 ਤਰ੍ਹਾਂ ਦੀਆਂ ਤੁਲਸੀਆਂ ਦੇ ਅਰਕ ਨਾਲ ਬਹੁਤ ਹੀ ਖਾਸ ਵਿਧੀ ਨਾਲ ਤਿਆਰ, ਪੂਰੇ ਪਰਿਵਾਰ ਨੂੰ ਬਿਮਾਰੀਆਂ ਤੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰੇ।
• ਪੇਟ ਗੈਸ • ਜਲਨ • ਬਦਹਜ਼ਮੀ • ਗਟ ਹੈਲਥ • ਕਬਜ਼ • ਮੂੰਹ ਦੀ ਬਦਬੂ • ਕਿਲ, ਮੁਹਾਂਸੇ • ਜੀਭ ਦੇ ਛਾਲੇ • ਝੜਦੇ ਵਾਲ • ਧਿਆਨ ਲਗਾਉਣ ਵਿੱਚ ਪਰੇਸ਼ਾਨੀ (ADHD)
• ਗਲੇ ਵਿੱਚ ਖਰਾਸ਼ • ਕਫ ਖਾਂਸੀ • ਸਾਹ ਰੋਗ • ਐਲਰਜੀ • ਚਮੜੀ ਰੋਗ • ਚੱਕਰ ਆਉਣਾ • ਕਮਜ਼ੋਰੀ • ਛਾਈਆਂ ਅਤੇ ਝੁਰੜੀਆਂ • ਹੱਥ ਪੈਰ ਸੁੰਨ ਹੋਣਾ • ਜੋੜਾਂ ਦੇ ਦਰਦ ਵਿੱਚ ਸਹਾਇਕ

₹ 183/-
30ml. ₹183/-
CLINICALLY TESTED
JOLLY ਤੁਲਸੀ 51 ਡ੍ਰੌਪਸ
ਹਰ ਮੌਸਮ ਵਿੱਚ 5-5 ਬੂੰਦਾਂ ਸਵੇਰੇ ਸ਼ਾਮ, ਬੱਚੇ ਬਜ਼ੁਰਗ ਅਤੇ ਜਵਾਨ
ਜੌਲੀ ਤੁਲਸੀ 51 ਡ੍ਰੌਪਸ ਦੀ ਜ਼ਬਰਦਸਤ ਲੋਕਪ੍ਰਿਅਤਾ ਦਾ ਫਾਇਦਾ ਚੁੱਕਣ ਲਈ ਬਜ਼ਾਰ ਵਿਚ ਮਿਲਦੇ ਜੁਲਦੇ ਅਨੇਕਾਂ ਤੁਲਸੀ ਡ੍ਰੌਪਸ ਆ ਗਏ ਹਨ ਇਸ ਲਈ ਸਟੋਰ ਤੋਂ ਤੁਲਸੀ ਡ੍ਰੌਪਸ ਨਹੀਂ ਜੌਲੀ ਤੁਲਸੀ 51 ਡ੍ਰੌਪਸ ਹੀ ਮੰਗੋ।
ਹਰ ਮੈਡੀਕਲ ਸਟੋਰ ਤੇ ਮਿਲਦਾ ਹੈ ✆ 98143-30500 JOLLYorganic.com